British Columbia's
**Office of the Human Rights Commissioner**

# ਬੀ.ਸੀ. ਦਾ *ਹਿਊਮਨ ਰਾਈਟਸ ਕੋਡ:* ਸੇਵਾਵਾਂ

ਪੇਸ਼ਕਰਤਾ ਦਾ ਨਾਂ:



# ਏਜੰਡਾ

- ਆਰੰਭ ਅਤੇ ਜਾਣ-ਪਛਾਣ
- ਬੀ.ਸੀ. ਦੇ *ਹਿਊਮਨ ਰਾਈਟਸ ਕੋਡ (ਕੋਡ)* ਬਾਰੇ ਜਾਣ-ਪਛਾਣ
- ਸੇਵਾਵਾਂ ਇਕ ਸੁਰੱਖਿਅਤ ਖੇਤਰ ਵਜੋਂ
- ਟ੍ਰਿਬਿਊਨਲ ਤੋਂ ਅਸਲੀ ਕਹਾਣੀਆਂ
- ਸਵਾਲ ਅਤੇ ਜਵਾਬ – ਸਿੱਟਾ

**ਚੇਤੇ ਰੱਖਣ ਵਾਲੀ ਗੱਲ: ਅਸੀਂ ਪਬਲਿਕ ਨੂੰ ਜਾਣਕਾਰੀ ਦੇ ਰਹੇ ਹਾਂ ਅਤੇ ਕਾਨੂੰਨੀ ਸਲਾਹ ਨਹੀਂ।*

# ਸਿੱਖਣ ਦੇ ਉਦੇਸ਼

ਇਸ ਸੈਸ਼ਨ ਦੇ ਅੰਤ ਤੱਕ ਤੁਸੀਂ ਇਹ ਸਿੱਖਣ ਦੇ ਯੋਗ ਹੋਵੋਗੇ:

- ਬੀ.ਸੀ.ਦੇ *ਹਿਊਮਨ ਰਾਈਟਸ ਕੋਡ* ਨੂੰ ਮਨੁੱਖੀ ਹੱਕਾਂ ਦੇ ਹੋਰ ਕਾਨੂੰਨਾਂ ਵਿਚ ਦੇਖਣ ਦੇ
- ਬੀ.ਸੀ. ਹਿਊਮਨ ਰਾਈਟਸ ਸਿਸਟਮ ਵਿਚ ਵਰਤੇ ਜਾਂਦੇ ਸ਼ਬਦਾਂ ਦੀ ਪਛਾਣ ਕਰਨ ਦੇ
- ਬੀ.ਸੀ. ਦੇ *ਹਿਊਮਨ ਰਾਈਟਸ ਕੋਡ* ਹੇਠ ਵਿਤਕਰੇ ਦੀ ਪਛਾਣ ਕਰਨ ਦੇ
- ਇਹ ਪਛਾਣ ਕਰਨ ਦੇ ਕਿ ਮਨੁੱਖੀ ਹੱਕਾਂ ਦੀਆਂ ਸ਼ਿਕਾਇਤਾਂ ਕਰਨ ਲਈ ਕਿਹੜੀਆਂ ਸੁਰੱਖਿਅਤ ਨਿੱਜੀ ਵਿਸ਼ੇਸ਼ਤਾਵਾਂ ਵਰਤੀਆਂ ਜਾ ਸਕਦੀਆਂ ਹਨ



# ਅਸੀਂ ਹਾਂ...

**ਬੀ ਸੀ ਦਾ ਹਿਊਮਨ ਰਾਈਟਸ ਕਮਿਸ਼ਨਰ ਦਾ ਦਫਤਰ**

17 ਸਾਲਾਂ ਦੀ ਗੈਰਹਾਜ਼ਰੀ ਬਾਅਦ ਸਾਨੂੰ 2019 ਵਿਚ ਦੁਬਾਰਾ ਬਹਾਲ ਕੀਤਾ ਗਿਆ ਸੀ।

**ਸਾਡੇ ਕੋਲ ਇਨ੍ਹਾਂ ਸ਼ਹਿਰਾਂ ਵਿਚ ਸਟਾਫ ਹੈ...**

ਪ੍ਰਿੰਸ ਜੌਰਜ, ਕਲੋਨਾ, ਵੈਨਕੂਵਰ ਅਤੇ ਵਿਕਟੋਰੀਆ

British Columbia's
**Office of the Human Rights Commissioner**



# ਸਾਨੂੰ ਸਰਕਾਰੀ ਆਦੇਸ਼

ਕਾਨੂੰਨਾਂ, ਨੀਤੀਆਂ, ਅਮਲਾਂ ਅਤੇ ਸਭਿਆਚਾਰਾਂ ਦੇ ਉਪਾਵਾਂ ਨਾਲ ਬੀ.ਸੀ. ਵਿਚ ਨਾਬਰਾਬਰੀ, ਵਿਤਕਰੇ ਅਤੇ ਬੇਇਨਸਾਫੀ ਦੇ ਬੁਨਿਆਦੀ ਕਾਰਨਾਂ ਨੂੰ ਫੜਨਾ। ਅਸੀਂ ਇਹ ਕੰਮ ਸਿੱਖਿਆ, ਖੋਜ, ਐਡਵੋਕੇਸੀ, ਇਨਕੁਆਰੀ ਅਤੇ ਨਿਗਰਾਨੀ ਨਾਲ ਕਰਦੇ ਹਾਂ।

ਫੋਟੋ: ਬੀ ਸੀ ਹਿਊਮਨ ਰਾਈਟਸ ਕਮਿਸ਼ਨਰ ਕਾਸਾਰੀ ਗੋਵੇਂਦਰ

# ਬੀ ਸੀ ਵਿਚ ਮਨੁੱਖੀ ਹੱਕ





### ਬੀ ਸੀ ਹਿਊਮਨ ਰਾਈਟਸ ਕਲੀਨਿਕ (ਅਤੇ ਹੋਰ)

ਟ੍ਰਿਬਿਊਨਲ ਅੱਗੇ ਸ਼ਿਕਾਇਤ ਲਿਆਉਣ ਵਿਚ ਵਿਅਕਤੀਆਂ ਦੀ ਮਦਦ ਕਰਦਾ ਹੈ



### ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ*

ਵਿਅਕਤੀਆਂ ਦੀਆਂ ਸ਼ਿਕਾਇਤਾਂ ਸੁਣਦਾ ਅਤੇ ਫੈਸਲਾ ਕਰਦਾ ਹੈ



### ਬੀ ਸੀ ਦਾ ਹਿਊਮਨ ਰਾਈਟਸ ਕਮਿਸ਼ਨਰ ਦਾ ਦਫਤਰ

ਵਿਤਕਰੇ ਦੇ ਬੁਨਿਆਦੀ ਕਾਰਨਾਂ ਦਾ ਹੱਲ ਕਰਦਾ ਹੈ

*ਜੇ ਤੁਸੀਂ ਕਿਸੇ ਯੂਨੀਅਨ ਨਾਲ ਸੰਬੰਧ ਰੱਖਦੇ ਹੋ ਅਤੇ ਤੁਹਾਡੇ ਨਾਲ ਕੰਮ `ਤੇ ਵਿਤਕਰਾ ਹੋਇਆ ਹੈ ਤਾਂ ਤੁਸੀਂ ਆਪਣੀ ਯੂਨੀਅਨ ਨਾਲ ਗੱਲ ਕਰਨਾ ਚਾਹੁੰਦੇ ਹੋ ਸਕਦੇ ਹੋ। ਯੂਨੀਅਨਾਂ ਮਨੁੱਖੀ ਹੱਕਾਂ ਦੇ ਮਾਮਲਿਆਂ ਬਾਰੇ ਸ਼ਿਕਾਇਤਾਂ ਦਰਜ ਕਰਵਾਉਣ ਵਿਚ ਮੁਲਾਜ਼ਮਾਂ ਦੀ ਮਦਦ ਕਰ ਸਕਦੀਆਂ ਹਨ।

# ਸਰਵਿਸ ਪ੍ਰਦਾਨ ਕਰਨ ਵਾਲੇ ਵਜੋਂ ਤੁਹਾਡੇ ਫਰਜ਼



ਸਰਵਿਸ ਪ੍ਰਦਾਨ ਕਰਨ ਵਾਲੇ ਵਜੋਂ, ਬੀ.ਸੀ. ਦੇ ਹਿਊਮਨ ਰਾਈਟਸ ਕੋਡ ਨੂੰ ਬਰਕਰਾਰ ਰੱਖਣ ਤੁਹਾਡਾ ਫਰਜ਼ ਹੈ।



# ਹਿਊਮਨ ਰਾਈਟਸ 101 ਵੀਡਿਓ




https://www.youtube.com/watch?v=-1Kxw5g-TMc

# ਮਨੁੱਖੀ ਹੱਕਾਂ ਦੇ ਤਿੰਨ ਪੱਧਰ



# ਮੈਂ ਕਿੱਥੇ ਸੁਰੱਖਿਅਤ ਹਾਂ?

## ਖੇਤਰ

ਕੋਡ ਰੋਜ਼ਾਨਾ ਜ਼ਿੰਦਗੀ ਦੇ ਖਾਸ **ਖੇਤਰਾਂ** ਵਿਚ ਵਿਤਕਰੇ ਦੀ ਮਨਾਹੀ ਕਰਦਾ ਹੈ।



# ਕੀ ਸੁਰੱਖਿਅਤ ਹੈ?

## ਵਿਸ਼ੇਸ਼ਤਾਵਾਂ

ਉਨ੍ਹਾਂ **ਖੇਤਰਾਂ** ਵਿਚ, ਕਿਸੇ ਵਿਅਕਤੀ ਖਿਲਾਫ ਉਸ ਦੀਆਂ ਨਿੱਜੀ **ਵਿਸ਼ੇਸ਼ਤਾਵਾਂ** ਕਾਰਨ ਵਿਤਕਰਾ ਕਰਨਾ ਗੈਰਕਾਨੂੰਨੀ ਹੈ।

## ਰੁਜ਼ਗਾਰ



## ਰਿਹਾਇਸ਼



ਉਮਰ, ਅਪਾਰਧਿਕ ਸਜ਼ਾਵਾਂ,
ਲਿੰਗ ਪਛਾਣ ਜਾਂ ਪ੍ਰਗਟਾਅ, ਪਰਿਵਾਰਕ ਦਰਜਾ,
ਵਿਆਹੁਤਾ ਸਥਿਤੀ, ਵੰਸ਼, ਰੰਗ, ਜਨਮ ਸਥਾਨ,
ਨਸਲ, ਮਾਨਸਿਕ ਡਿਸਏਬਿਲਟੀ, ਸਰੀਰਕ
ਡਿਸਏਬਿਲਟੀ, ਸੈਕਸ, ਕਾਮੁਕ ਰੁਚੀ,
ਆਮਦਨ ਦਾ ਸ੍ਰੋਤ, ਆਦਿਵਾਸੀ ਪਛਾਣ,
ਰਾਜਨੀਤਕ ਵਿਚਾਰ, ਧਰਮ

## ਸੇਵਾਵਾਂ



## ਲਿਖਤਾਂ



| ਬੀ.ਸੀ. ਦਾ *ਹਿਊਮਨ ਰਾਈਟਸ ਕੋਡ* | ਰੁਜ਼ਗਾਰ | ਸੇਵਾਵਾਂ | ਰਿਹਾਇਸ਼ - ਕਿਰਾਏਦਾਰੀ | ਰਿਹਾਇਸ਼ - ਖਰੀਦ |
|---|---|---|---|---|
| ਵਿਆਹੁਤਾ ਸਥਿਤੀ | ✓ | ✓ | ✓ | ✓ |
| ਧਰਮ | ✓ | ✓ | ✓ | ✓ |
| ਲਿੰਗ ਪਛਾਣ/ਪ੍ਰਗਟਾਅ | ✓ | ✓ | ✓ | ✓ |
| ਵੰਸ਼ | ✓ | ✓ | ✓ | ✓ |
| ਰੰਗ | ✓ | ✓ | ✓ | ✓ |
| ਜਨਮ ਸਥਾਨ | ✓ | ✓ | ✓ | ✓ |
| ਨਸਲ | ✓ | ✓ | ✓ | ✓ |
| ਡਿਸਏਬਿਲਟੀ | ✓ | ✓ | ✓ | ✓ |
| ਸੈਕਸ | ✓ | ✓ | ✓ | ✓ |
| ਕਾਮੁਕ ਰੁਚੀ | ✓ | ✓ | ✓ | ✓ |
| ਆਦਿਵਾਸੀ ਪਛਾਣ | ✓ | ✓ | ✓ | ✓ |
| ਉਮਰ | ✓ | ✓ | ✓ | |
| ਪਰਿਵਾਰਕ ਦਰਜਾ | ✓ | ✓ | ✓ | |
| ਅਪਰਾਧਿਕ ਸਜ਼ਾਵਾਂ | ✓ | | | |
| ਰਾਜਨੀਤਕ ਵਿਚਾਰ | ✓ | | | |
| ਆਮਦਨ ਦਾ ਕਾਨੂੰਨੀ ਵਸੀਲਾ | | | ✓ | |

# ਸਵਾਲਾਂ ਅਤੇ ਜਵਾਬਾਂ ਬਾਰੇ ਚੇਤਾ

# ਵਿਤਕਰਾ ਕੀ ਹੈ?

ਕਿਸੇ ਨਿੱਜੀ ਵਿਸ਼ੇਸ਼ਤਾ ਨਾਲ ਸੰਬੰਧਿਤ ਨੁਕਸਾਨਦੇਹ ਵਰਤਾਉ ਦਾ ਸੰਕੇਤ ਦਿੰਦਾ ਹੈ।

ਬੀ.ਸੀ. ਦੇ *ਹਿਊਮਨ ਰਾਈਟਸ ਕੋਡ* ਹੇਠ ਕਿਸੇ ਵਿਅਕਤੀ ਨਾਲ ਵਿਤਕਰਾ ਹੋਇਆ ਹੈ ਜੇ ਅੱਗੇ ਦਿੱਤੇ ਸਾਰੇ ਠੀਕ ਹਨ:

1. ਉਨ੍ਹਾਂ ਦੀ ਨਿੱਜੀ ਵਿਸ਼ੇਸ਼ਤਾ (ਵਿਸ਼ੇਸ਼ਤਾਵਾਂ) ਹਨ ਜਿਹੜੀਆਂ ਕੋਡ ਹੇਠ ਸੁਰੱਖਿਅਤ ਹਨ
2. ਉਨ੍ਹਾਂ ਦਾ ਨੁਕਸਾਨ ਹੋਇਆ ਹੈ (ਇਸ ਨੂੰ "ਅਡਵਰਸ ਇਮਪੈਕਟ" ਵੀ ਆਖਿਆ ਜਾਂਦਾ ਹੈ)
3. ਉਨ੍ਹਾਂ ਦੀ ਨਿੱਜੀ ਵਿਸ਼ੇਸ਼ਤਾ (ਵਿਸ਼ੇਸ਼ਤਾਵਾਂ) ਨੁਕਸਾਨ ਵਿਚ ਇਕ ਪੱਖ ਹਨ

# ਕੀ ਵਿਤਕਰਾ ਨਹੀਂ ਹੈ?

ਭਾਵੇਂ ਵਿਤਕਰਾ ਨੁਕਸਾਨਦੇਹ ਵਰਤਾਉ ਦਾ ਸੰਕੇਤ ਦਿੰਦਾ ਹੈ, ਪਰ ਵਰਤਾਉ ਵਿਚ ਹਰ ਫਰਕ ਵਿਤਕਰਾ ਨਹੀਂ ਹੈ।



# ਸਰਵਿਸ ਪ੍ਰਦਾਨ ਕਰਨ ਵਾਲਿਆਂ ਲਈ ਆਧਾਰ

ਕਿਸੇ ਐਕਸ਼ਨ ਦੇ ਵਿਤਕਰੇ ਵਾਲਾ ਦਿਖਾਈ ਦੇਣ `ਤੇ ਸਰਵਿਸ ਪ੍ਰਦਾਨ ਕਰਨ ਵਾਲਾ ਇਹ ਸਾਬਤ ਕਰਕੇ ਸਫ਼ਾਈ ਦੇ ਸਕਦਾ ਹੈ ਕਿ ਇਹ ਤਿੰਨ ਚੀਜ਼ਾਂ ਸਹੀ ਹਨ:

- ਵਤੀਰੇ ਦਾ ਕੋਈ ਬਿਜ਼ਨਸ ਨਾਲ ਸੰਬੰਧਿਤ ਵਾਜਬ ਮੰਤਵ ਹੈ
- ਵਤੀਰਾ ਇਸ ਕਰਕੇ ਅਪਣਾਇਆ ਗਿਆ ਕਿਉਂਕਿ ਉਸ ਨੇ ਸੋਚਿਆ ਕਿ ਆਪਣਾ ਮੰਤਵ ਪੂਰਾ ਕਰਨ ਲਈ ਇਹ ਜ਼ਰੂਰੀ ਸੀ
- ਨਾ-ਵਾਜਬ ਤੰਗੀ ਦੇ ਪੋਆਇੰਟ `ਤੇ ਪਹੁੰਚੇ ਬਿਨਾਂ ਇਹ ਕੀਤਾ ਜਾਣਾ ਅਸੰਭਵ ਹੈ

# ਪ੍ਰਬੰਧ ਕਰਨ ਦੀ ਜ਼ਿੰਮੇਵਾਰੀ

ਦੋ ਮਹੱਤਵਪੂਰਨ ਹਿੱਸੇ:

- ਰੁਕਾਵਟਾਂ ਹਟਾਉਣ ਲਈ ਸਾਰੇ ਵਾਜਬ ਯਤਨ ਕਰਨ ਦੀ ਜ਼ਿੰਮੇਵਾਰੀ ਤਾਂ ਜੋ ਤੁਹਾਡੀਆਂ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਬਰਾਬਰ ਹਿੱਸਾ ਲੈ ਸਕਣ
- ਜਾਂਚ ਕਰਨ ਦੀ ਜ਼ਿੰਮੇਵਾਰੀ



# ਨਾ-ਵਾਜਬ ਤੰਗੀ

...ਉਹ ਪੋਆਇੰਟ ਹੈ ਜਿੱਥੇ ਹਰ ਉਹ ਚੀਜ਼ ਕੀਤੀ ਗਈ ਹੈ ਜਿਹੜੀ ਵਾਜਬ ਤੌਰ `ਤੇ ਸੰਭਵ ਹੈ,

ਅਤੇ

ਸਰਵਿਸ ਪ੍ਰਦਾਨ ਕਰਨ ਵਾਲੇ ਤੋਂ ਹੋਰ ਕਰਨ ਦੀ ਆਸ ਰੱਖਣਾ ਨਾਵਾਜਬ ਹੋਵੇਗਾ।



# ਉਪਰਾਲੇ




ਉਪਰਾਲਾ ਮੁਆਵਜ਼ੇ ਦਾ ਇਕ ਰੂਪ ਹੈ – ਨਾ ਸਿਰਫ ਵਿੱਤੀ – ਜਦੋਂ ਕਿਸੇ ਦੀ ਮਨੁੱਖੀ ਹੱਕਾਂ ਬਾਰੇ ਸ਼ਿਕਾਇਤ ਕਾਮਯਾਬ ਹੁੰਦੀ ਹੈ।

# ਟ੍ਰਿਬਿਊਨਲ ਤੋਂ ਅਸਲੀ ਕਹਾਣੀਆਂ

# ਕੀ ਤੁਹਾਨੂੰ ਯਾਦ ਹੈ ਕਿ ਵਿਤਕਰੇ ਦੀ ਪਛਾਣ ਕਿਵੇਂ ਕਰਨੀ ਹੈ?

ਬੀ.ਸੀ. ਦੇ *ਹਿਊਮਨ ਰਾਈਟਸ ਕੋਡ* ਹੇਠ ਕਿਸੇ ਵਿਅਕਤੀ ਨਾਲ ਵਿਤਕਰਾ ਹੋਇਆ ਹੈ ਜੇ ਅੱਗੇ ਦਿੱਤੇ ਸਾਰੇ ਠੀਕ ਹਨ:

1. ਉਨ੍ਹਾਂ ਦੀ ਨਿੱਜੀ ਵਿਸ਼ੇਸ਼ਤਾ (ਵਿਸ਼ੇਸ਼ਤਾਵਾਂ) ਹਨ ਜਿਹੜੀਆਂ ਕੋਡ ਹੇਠ ਸੁਰੱਖਿਅਤ ਹਨ
2. ਉਨ੍ਹਾਂ ਦਾ ਨੁਕਸਾਨ ਹੋਇਆ ਹੈ (ਇਸ ਨੂੰ "ਅਡਵਰਸ ਇਮਪੈਕਟ" ਵੀ ਆਖਿਆ ਜਾਂਦਾ ਹੈ)
3. ਉਨ੍ਹਾਂ ਦੀ ਨਿੱਜੀ ਵਿਸ਼ੇਸ਼ਤਾ (ਵਿਸ਼ੇਸ਼ਤਾਵਾਂ) ਨੁਕਸਾਨ ਵਿਚ ਇਕ ਪੱਖ ਹਨ



# ਕੇਸ ਦਾ ਦ੍ਰਿਸ਼ ਨੰਬਰ 1: ਕੋਰੈਕਸ਼ਨਲ ਸੈਂਟਰ ਦੀਆਂ ਸੇਵਾਵਾਂ

- ਜੋਨਾਥਨ ਇਕ ਇਨਡਿਜਨੈਸ ਹੈ।
- ਉਹ ਆਦਿਵਾਸੀ ਰੂਹਾਨੀ ਪ੍ਰੈਕਟਿਸਾਂ ਵਿਚ ਯਕੀਨ ਰੱਖਦਾ ਹੈ ਅਤੇ ਇਨ੍ਹਾਂ ਵਿਚ ਹਿੱਸਾ ਲੈਂਦਾ ਹੈ।
- ਜੇਲ੍ਹ ਵਿਚ ਹੋਣ ਦੌਰਾਨ, ਉਸ ਨੇ ਕਾਫੀ ਸਮਾਂ ਵੱਖ ਵੱਖ ਇੰਸਟੀਚਿਊਸ਼ਨਜ਼ ਵਿਚ ਅਲਹਿਦਗੀ ਵਿਚ ਬਿਤਾਇਆ ਹੈ।
- ਇਨ੍ਹਾਂ ਵਿੱਚੋਂ ਸਾਰੀਆਂ ਇੰਸਟੀਚਿਊਸ਼ਨਜ਼ ਨੇ ਕਿਹਾ ਕਿ ਉਹ ਨੇਟਿਵ ਲੀਏਜ਼ਾਨ ਵਰਕਰਾਂ ਰਾਹੀਂ ਕੈਦੀਆਂ ਨੂੰ ਆਦਿਵਾਸੀ ਰੂਹਾਨੀ ਮਦਦਾਂ ਪ੍ਰਦਾਨ ਕਰਦੀਆਂ ਸਨ।
- ਅਲਹਿਦਗੀ ਵਿਚ ਹੋਣ ਦੌਰਾਨ, ਜੋਨਾਥਨ ਨੇ ਆਦਿਵਾਸੀ ਰੂਹਾਨੀ ਮਦਦਾਂ ਤੱਕ ਪਹੁੰਚ ਦੀ ਮੰਗ ਕੀਤੀ ਜਿਸ ਵਿਚ ਸਾਹਿਤ ਅਤੇ ਨੇਟਿਵ ਲੀਏਜ਼ਾਨ ਤੱਕ ਪਹੁੰਚ ਕਰਨਾ ਵੀ ਸ਼ਾਮਲ ਸੀ।
- ਉਸ ਨੂੰ ਪਹਿਲਾਂ ਇਹ ਦੱਸਿਆ ਗਿਆ ਸੀ ਕਿ ਉਸ ਨੂੰ ਨੇਟਿਵ ਲੀਏਜ਼ਾਨ ਵਰਕਰ ਮਿਲਣ ਆਵੇਗਾ, ਪਰ ਜੇਲ੍ਹ ਦੇ ਅਧਿਕਾਰੀ ਉਸ ਦੀਆਂ ਬੇਨਤੀਆਂ ਦਾ ਜਵਾਬ ਦੇਣ ਵਿਚ ਫੇਲ੍ਹ ਹੋ ਗਏ।
- ਜੋਨਾਥਨ ਨੂੰ ਅਲਹਿਦਗੀ ਤੋਂ ਬਾਹਰ ਆਉਣ ਤੱਕ ਇਹ ਮਦਦਾਂ ਨਹੀਂ ਮਿਲੀਆਂ, ਭਾਵੇਂ ਕਿ ਉਸ ਨੇ ਦੋ ਸਾਲਾਂ ਦੇ ਸਮੇਂ ਦੌਰਾਨ ਵਾਰ ਵਾਰ ਬੇਨਤੀਆਂ ਕੀਤੀਆਂ ਸਨ।
- ਪਰ, ਜਦੋਂ ਉਸ ਨੇ ਕਿਸੇ ਈਸਾਈ ਪਾਦਰੀ ਨੂੰ ਮਿਲਣ ਅਤੇ ਈਸਾਈ ਸਾਹਿਤ ਲੈਣ ਲਈ ਕਿਹਾ ਤਾਂ ਉਸ ਨੂੰ ਇਹ ਵਿਜ਼ਟ ਵਾਜਬ ਸਮੇਂ ਦੇ ਵਿਚ ਮਿਲ ਗਈ।

# ਕੇਸ ਦਾ ਦ੍ਰਿਸ਼ ਨੰਬਰ 2: ਗਰੌਸਰੀ ਸਟੋਰ

- ਲੌਰਡੇਸ ਕਾਨੂੰਨੀ ਤੌਰ `ਤੇ ਨੇਤਰਹੀਣ ਹੈ ਅਤੇ ਆਪਣੀਆਂ ਰੋਜ਼ਮਰਾ ਦੀਆਂ ਲੋੜਾਂ ਲਈ ਇਕ ਗਾਈਡ ਕੁੱਤੇ ਦੀ ਮਦਦ ਲੈਂਦੀ ਹੈ।
- ਇਕ ਦਿਨ ਉਹ ਆਪਣੇ ਗਾਈਡ ਕੁੱਤੇ ਨਾਲ ਇਕ ਸਟੋਰ ਵਿਚ ਦਾਖਲ ਹੁੰਦੀ ਹੈ।
- ਉਸ ਨੂੰ ਸਟੋਰ ਦੇ ਦਰਵਾਜ਼ੇ `ਤੇ ਰੋਕ ਦਿੱਤਾ ਗਿਆ ਅਤੇ ਕੁੱਤੇ ਕਾਰਨ ਅੰਦਰ ਨਹੀਂ ਜਾਣ ਦਿੱਤਾ ਗਿਆ।
- ਸਕਿਉਰਟੀ ਗਾਰਡ ਨੇ ਕੁੱਤੇ ਦਾ ਪਛਾਣ ਪੱਤਰ ਮੰਗਿਆ।
- ਲੌਰਡੇਸ ਨੇ ਕਿਹਾ ਕਿ ਕੁੱਤੇ ਦੀ ਬੱਧਰੀ ਦੇ ਉੱਪਰ “ਗਾਈਡ ਡੌਗ ਫਾਉਂਡੇਸ਼ਨ” ਸ਼ਬਦ ਲਿਖੇ ਹੋਏ ਹਨ, ਜਦ ਕਿ ਸਕਿਉਰਟੀ ਗਾਰਡ ਨੇ ਕਿਹਾ ਕਿ ਇਹ ਸਹੀ ਨਹੀਂ ਸੀ।
- ਲੌਰਡੇਸ ਕੋਲ ਕੁੱਤੇ ਦੀ ਕੋਈ ਹੋਰ ਪਛਾਣ ਨਹੀਂ ਸੀ।
- ਉਹ ਇਸ ਵਰਤਾਉ ਤੋਂ ਬਹੁਤ ਅਪਸੈੱਟ ਹੋਈ।
- ਆਖਰ ਨੂੰ ਉਸ ਨੂੰ ਸਟੋਰ ਵਿਚ ਜਾਣ ਦੀ ਆਗਿਆ ਦੇ ਦਿੱਤੀ ਗਈ, ਪਰ ਲੌਰਡੇਸ ਦਾ ਕਹਿਣਾ ਹੈ ਕਿ ਉਸ ਨਾਲ ਇੰਨਾ ਮਾੜਾ ਵਰਤਾਉ ਕੀਤਾ ਗਿਆ ਕਿ ਭਾਵੇਂ ਉਸ ਨੂੰ ਅੰਦਰ ਜਾਣ ਦੀ ਆਗਿਆ ਦੇ ਦਿੱਤੀ ਗਈ ਸੀ, ਉਸ ਨੇ ਉਸ ਦਿਨ ਸ਼ਾਪਿੰਗ ਨਾ ਕਰਨ ਦਾ ਫੈਸਲਾ ਕੀਤਾ।

# ਕੇਸ ਦਾ ਦ੍ਰਿਸ਼ ਨੰਬਰ 3: ਡਰਾਈਵਰ ਦਾ ਲਾਇਸੰਸ

- ਸਿਰ ਦੀ ਸੱਟ ਕਾਰਨ ਅਮਾਲ ਦੀਆਂ ਦਿਮਾਗੀ ਨਿਸ਼ਾਨੀਆਂ ਹਨ ਜਿਹੜੀਆਂ ਇਕ ਨਿਊਰੋਲੋਜਿਸਟ ਮੁਤਾਬਕ ਗੱਡੀ ਚਲਾਉਣਾ ਖਤਰਨਾਕ ਬਣਾਉਂਦੀਆਂ ਹਨ।
- ਉਸ ਦਾ ਨਿਊਰੋਲੋਜਿਸਟ ਇਹ ਸਿਫਾਰਸ਼ ਕਰਦਾ ਹੈ ਕਿ ਗੱਡੀ ਚਲਾਉਣ ਦੀ ਉਸ ਦੀ ਸਮਰੱਥਾ ਦਾ ਪਤਾ ਲਾਉਣ ਲਈ ਉਹ ਰੋਡ ਟੈੱਸਟ ਮੁਕੰਮਲ ਕਰੇ।
- ਨਤੀਜੇ ਵਜੋਂ, ਡਰਾਈਵਰਜ਼ ਲਾਇਸੰਸ ਬਿਊਰੋ (ਬਿਊਰੋ) ਉਸ ਤੋਂ ਆਪਣਾ ਲਸੰਸ ਕਾਇਮ ਰੱਖਣ ਲਈ ਡੌਕਟਰਜ਼ ਮੈਡੀਕਲ ਇਗਜ਼ੈਮੀਨੇਸ਼ਨ ਰਿਪੋਰਟ (ਡੀ ਐੱਮ ਈ ਆਰ) ਮੁਕੰਮਲ ਕਰਨ ਅਤੇ ਰੋਡ ਟੈੱਸਟ ਦੇਣ ਦੀ ਮੰਗ ਕਰਦੀ ਹੈ।
- ਉਹ ਰੋਡ ਟੈੱਸਟ ਪਾਸ ਕਰ ਲੈਂਦੀ ਹੈ ਅਤੇ ਗੱਡੀ ਚਲਾਉਣ ਲਈ ਸੁਰੱਖਿਅਤ ਸਮਝੀ ਜਾਂਦੀ ਹੈ।
- ਬਾਅਦ ਵਿਚ, ਬਿਊਰੋ ਉਸ ਤੋਂ ਮੰਗ ਕਰਦੀ ਹੈ ਕਿ ਉਸ ਦੀ ਗੱਡੀ ਚਲਾਉਣ ਦੀ ਤੰਦਰੁਸਤੀ `ਤੇ ਨਿਗਰਾਨੀ ਜਾਰੀ ਰੱਖਣ ਲਈ ਉਹ ਹਰ ਦੋ ਸਾਲਾਂ ਬਾਅਦ ਡੀ ਐੱਮ ਈ ਆਰ ਲਵੇ।
- ਅਮਾਲ ਦਾ ਕਹਿਣਾ ਹੈ ਕਿ ਬਿਊਰੋ ਨੂੰ ਇਸ ਜਾਰੀ ਰਹਿਣ ਵਾਲੀ ਸ਼ਰਤ ਦੀ ਲੋੜ ਨਹੀਂ ਹੈ।
- ਉਸ ਦਾ ਕਹਿਣਾ ਹੈ ਕਿ ਉਸ ਲਈ ਸ਼ਰਤ ਇਕ ਵਾਧੂ ਰੁਕਾਵਟ ਹੈ ਜੋ ਉਸ ਦੀ ਮੈਡੀਕਲ ਹਾਲਤ ਵਾਲੇ ਲੋਕਾਂ ਬਾਰੇ ਕੱਟੜ ਧਾਰਨਾਵਾਂ ਉੱਪਰ ਆਧਾਰਿਤ ਹੈ।
- ਉਹ ਇਹ ਵੀ ਕਹਿੰਦੀ ਹੈ ਕਿ ਰਿਪੋਰਟਾਂ ਉਸ ਉਪਰ ਜਜ਼ਬਾਤੀ ਅਸਰ ਅਤੇ ਮਾਇਕ ਬੋਝ ਪਾਉਂਦੀਆਂ ਹਨ।

# ਅਸੀਂ ਕੀ ਕਵਰ ਕੀਤਾ ਹੈ

- ਬੀ.ਸੀ.ਦੇ *ਹਿਊਮਨ ਰਾਈਟਸ ਕੋਡ* ਨੂੰ ਮਨੁੱਖੀ ਹੱਕਾਂ ਦੇ ਹੋਰ ਕਾਨੂੰਨਾਂ ਵਿਚ ਦੇਖਿਆ
- ਬੀ.ਸੀ. ਹਿਊਮਨ ਰਾਈਟਸ ਸਿਸਟਮ ਵਿਚ ਵਰਤੇ ਜਾਂਦੇ ਸ਼ਬਦਾਂ ਦੀ ਪਛਾਣ ਕੀਤੀ
- ਬੀ.ਸੀ. ਦੇ *ਹਿਊਮਨ ਰਾਈਟਸ ਕੋਡ* ਹੇਠ ਵਿਤਕਰੇ ਦੀ ਪਛਾਣ ਕੀਤੀ
- ਇਹ ਪਛਾਣ ਕੀਤੀ ਕਿ ਮਨੁੱਖੀ ਅਧਿਕਾਰਾਂ ਦੀਆਂ ਸ਼ਿਕਾਇਤਾਂ ਕਰਨ ਲਈ ਕਿਹੜੀਆਂ ਸੁਰੱਖਿਅਤ ਨਿੱਜੀ ਵਿਸ਼ੇਸ਼ਤਾਵਾਂ ਵਰਤੀਆਂ ਜਾ ਸਕਦੀਆਂ ਹਨ

# ਸਵਾਲ ਅਤੇ ਜਵਾਬ

British Columbia's
**Office of the Human Rights Commissioner**

# ਧੰਨਵਾਦ

ਹੋਰ ਵਸੀਲਿਆਂ ਲਈ **bchumanrights.ca**
`ਤੇ ਜਾਓ ਜਾਂ ਸਾਨੂੰ ਸੋਸ਼ਲ ਮੀਡੀਆ ਉੱਪਰ ਲੱਭੋ

**@humanrights4bc**

**ਸਾਨੂੰ ਈਮੇਲ ਕਰੋ:**
info@bchumanrights.ca